# ਆਪਣੇ ਪ੍ਰੋਸਟੇਟ ਬਾਰੇ ਜਾਣੋ
## ਆਦਮੀਆਂ ਲਈ ਜਾਣਕਾਰੀ



PROSTATE CANCER UK

Punjabi/English

# ਇਸ ਕਿਤਾਬਚੇ ਬਾਰੇ

ਇਹ ਕਿਤਾਬਚਾ ਆਦਮੀਆਂ ਲਈ ਹੈ। ਆਦਮੀਆਂ ਵਾਲੇ ਪਰਿਵਾਰਾਂ ਨੂੰ ਵੀ ਇਹ ਉਪਯੋਗੀ ਲੱਗ ਸਕਦਾ ਹੈ।

ਅਸੀਂ ਵਿਸਥਾਰ ਵਿੱਚ ਦੱਸਦੇ ਹਾਂ ਕਿ ਪ੍ਰੋਸਟੇਟ ਕੀ ਹੈ, ਇਹ ਕੀ ਕਰਦਾ ਹੈ ਅਤੇ ਇਸ ਨਾਲ ਕੀ ਗਲਤ ਹੋ ਸਕਦਾ ਹੈ।

ਅਸੀਂ ਇਹ ਵੀ ਸਮਝਾਉਂਦੇ ਹਾਂ ਕਿ ਕਿਨ੍ਹਾਂ ਤਬਦੀਲੀਆਂ ਵੱਲ ਧਿਆਨ ਦੇਣਾ ਅਤੇ ਕੀ ਕਰਨਾ ਪੈਂਦਾ ਹੈ ਜੇ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਪ੍ਰੋਸਟੇਟ ਦੀ ਸਮੱਸਿਆ ਹੈ।


# ਪ੍ਰੋਸਟੇਟ ਕੀ ਹੈ?

ਕੇਵਲ ਆਦਮੀਆਂ ਨੂੰ ਪ੍ਰੋਸਟੇਟ ਹੁੰਦਾ ਹੈ। ਇਸ ਦਾ ਆਕਾਰ ਅਤੇ ਰੂਪ ਆਮ ਤੌਰ ਤੇ ਅਖਰੋਟ ਵਰਗਾ ਹੁੰਦਾ ਹੈ ਅਤੇ ਤੁਹਾਡੇ ਵੱਡੇ ਹੋਣ ਦੇ ਨਾਲ-ਨਾਲ ਇਹ ਵੱਡਾ ਹੁੰਦਾ ਜਾਂਦਾ ਹੈ।

ਤੁਹਾਡਾ ਪ੍ਰੋਸਟੇਟ ਤੁਹਾਡੇ ਸਰੀਰ ਅੰਦਰ ਹੁੰਦਾ ਹੈ। ਇਹ ਤੁਹਾਡੇ ਬਲੈਡਰ ਹੇਠਾਂ ਰਹਿੰਦਾ ਹੈ ਅਤੇ ਉਸ ਨਲੀ ਦੁਆਲੇ ਹੁੰਦਾ ਹੈ ਜਿਸ ਰਾਹੀਂ ਤੁਸੀਂ ਪਿਸ਼ਾਬ ਕਰਦੇ ਹ). ਇਹ ਵੀਰਜ ਬਣਾਉਣ ਵਿੱਚ ਮਦਦ ਕਰਦਾ ਹੈ – ਉਹ ਦ੍ਰਵ ਜਿਸ ਵਿੱਚ ਸ਼ੁਕਰਾਣੂ ਹੁੰਦੇ ਹਨ।

## ਤੁਹਾਡੇ ਪ੍ਰੋਸਟੇਟ ਨਾਲ ਕੀ ਗਲਤ ਹੋ ਸਕਦਾ ਹੈ?

ਸਭ ਤੋਂ ਜ਼ਿਆਦਾ ਆਮ ਪ੍ਰੋਸਟੇਟ ਸਮੱਸਿਆਵਾਂ ਹਨ:
- ਵਧਿਆ ਹੋਇਆ ਪ੍ਰੋਸਟੇਟ
- ਪ੍ਰੋਸਟੇਟਿਟਿਸ
- ਪ੍ਰੋਸਟੇਟ ਕੈਂਸਰ।


ਬਲੈਡਰ
ਪਿਸ਼ਾਬ ਨਲੀ
ਪ੍ਰੋਸਟੇਟ
ਲਿੰਗ
ਅੰਡਕੋਸ਼

# ਮੈਨੂੰ ਕਿਹੜੀਆਂ ਤਬਦੀਲੀਆਂ ਵਲ ਧਿਆਨ ਦੇਣਾ ਚਾਹੀਦਾ ਹੈ?

ਜੇ ਪਿਸ਼ਾਬ ਕਰਨ ਦੌਰਾਨ ਤੁਸੀਂ ਕਿਸੇ ਵੀ ਬਦਲਾਵਾਂ ਨੂੰ ਨੋਟਿਸ ਕਰਦੇ ਹੋ ਜਾਂ ਹੇਠਾਂ ਲਿਖੀਆਂ ਵਿਚੋਂ ਕੋਈ ਸਮੱਸਿਆਵਾਂ ਹਨ – ਇਹ ਤੁਹਾਡੇ ਪ੍ਰੋਸਟੇਟ ਵਿੱਚ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ।

✔ ਤੁਹਾਨੂੰ ਉਸ ਕਿਸੇ ਵੀ ਸਮੱਸਿਆ ਤੇ ਸਹੀ ਦਾ ਨਿਸ਼ਾਨ ਲਗਾਉਣਾ ਜੋ ਤੁਹਾਨੂੰ ਹੈ ਅਤੇ ਇਸ ਕਿਤਾਬਚੇ ਨੂੰ ਆਪਣੇ ਡਾਕਟਰ ਜਾਂ ਨਰਸ ਕੋਲ ਲੈ ਕੇ ਜਾਣਾ ਉਪਯੋਗੀ ਲੱਗ ਸਕਦਾ ਹੈ।

ਤਬਦੀਲੀਆਂ ਜਿਨ੍ਹਾਂ ਤੇ ਧਿਆਨ ਦੇਣਾ ਹੈ ਵਿੱਚ ਸ਼ਾਮਲ ਹਨ:

- ☐ ਆਮ ਨਾਲੋਂ ਜ਼ਿਆਦਾ ਵਾਰ ਪਿਸ਼ਾਬ ਕਰਨ ਦੀ ਜ਼ਰੂਰਤ ਹੋਣਾ, ਖਾਸ ਕਰਕੇ ਰਾਤ ਨੂੰ
- ☐ ਪਿਸ਼ਾਬ ਆਉਣ ਵਿੱਚ ਮੁਸ਼ਕਿਲ ਹੋਣਾ
- ☐ ਪਿਸ਼ਾਬ ਖਤਮ ਕਰਨ ਵਿੱਚ ਜ਼ੋਰ ਲਗਣਾ ਜਾਂ ਜ਼ਿਆਦਾ ਸਮਾਂ ਲਗਣਾ
- ☐ ਪਿਸ਼ਾਬ ਕਰਨ ਦੌਰਾਨ ਘੱਟ ਵਹਾਅ
- ☐ ਇਹ ਅਹਿਸਾਸ ਹੋਣਾ ਕਿ ਤੁਹਾਡਾ ਬਲੈਡਰ ਸਹੀ ਤਰ੍ਹਾਂ ਨਾਲ ਖਾਲੀ ਨਹੀਂ ਹੋਇਆ ਹੈ
- ☐ ਅਚਾਨਕ ਪਿਸ਼ਾਬ ਦਾ ਜ਼ੋਰ ਪੈਣਾ – ਕਈ ਵਾਰ ਪਖਾਨੇ ਜਾਣ ਤੋਂ ਪਹਿਲਾਂ ਹੀ ਪਿਸ਼ਾਬ ਨਿਕਲ ਜਾਣਾ
- ☐ ਤੁਹਾਡੇ ਪਿਸ਼ਾਬ ਖਤਮ ਕਰਨ ਤੋਂ ਬਾਅਦ ਪਿਸ਼ਾਬ ਰਿਸਣਾ।

ਘੱਟ ਆਮ ਬਦਲਾਵਾਂ ਵਿੱਚ ਸ਼ਾਮਲ ਹਨ:

- ☐ ਪਿਸ਼ਾਬ ਕਰਨ ਦੌਰਾਨ ਦਰਦ
- ☐ ਵੀਰਜ ਛੁੱਟਣ ਦੌਰਾਨ ਦਰਦ
- ☐ ਪਿਸ਼ਾਬ ਜਾਂ ਸ਼ੁਕਰਾਣੂ ਵਿੱਚ ਖ਼ੂਨ
- ☐ ਲਿੰਗ ਖੜ੍ਹਾ ਹੋਣ ਸਮੇਂ ਜਾਂ ਹੋਣ ਦੌਰਾਨ ਸਮੱਸਿਆਵਾਂ।


ਬਜ਼ੁਰਗ ਆਦਮੀਆਂ ਵਿੱਚ ਪਿਸ਼ਾਬ ਸਬੰਧੀ ਸਮੱਸਿਆਵਾਂ ਆਮ ਹਨ ਅਤੇ ਇਹ ਹਮੇਸ਼ਾਂ ਪ੍ਰੋਸਟੇਟ ਸਮੱਸਿਆ ਦਾ ਸੰਕੇਤ ਨਹੀਂ ਹੁੰਦੀਆਂ। ਇਹ ਸੰਕਰਮਨ, ਡਾਇਆਬਿਟੀਜ਼ ਵਰਗੀਆਂ ਕੋਈ ਹੋਰ ਸਿਹਤ ਸਮੱਸਿਆ ਜਾਂ ਕੁਝ ਦਵਾਈਆਂ ਕਾਰਨ ਵੀ ਹੋ ਸਕਦੀਆਂ ਹਨ।

ਜੇ ਤੁਸੀਂ ਉਨ੍ਹਾਂ ਕਿਸੇ ਵੀ ਬਦਲਾਆਂ ਨੂੰ ਨੋਟਿਸ ਕਰਦੇ ਹੋ ਜਿਨ੍ਹਾਂ ਬਾਰੇ ਅਸੀਂ ਇੱਥੇ ਗੱਲ ਕੀਤੀ ਹੈ, ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ। ਤੁਸੀਂ 0800 074 8383 ਤੇ ਸਾਡੀਆਂ ਵਿਸ਼ੇਸ਼ੱਗ ਨਰਸਾਂ ਨੂੰ ਵੀ ਕਾਲ ਕਰ ਸਕਦੇ ਹੋ, ਅਤੇ ਕਿਸੇ ਅਨੁਵਾਦਕ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ। ਆਮ ਤੌਰ ਤੇ ਤੁਹਾਡੇ ਦੁਆਰਾ ਆਪਣੇ-ਆਪ ਹੀ ਉਨ੍ਹਾਂ ਦਾ ਪ੍ਰਬੰਧ ਕਰਨ ਲਈ ਕਈ ਇਲਾਜ ਜਾਂ ਤਰੀਕੇ ਉਪਲਬਧ ਹਨ।


# ਵਧਿਆ ਹੋਇਆ ਪ੍ਰੋਸਟੇਟ ਕੀ ਹੈ?

ਜਿਵੇਂ ਜਿਵੇਂ ਤੁਹਾਡੀ ਉਮਰ ਵਧਦੀ ਹੈ ਪ੍ਰੋਸਟੇਟ ਵੱਡਾ ਹੁੰਦਾ ਜਾਂਦਾ ਹੈ। ਇਸ ਨੂੰ ਵਧਿਆ ਹੋਇਆ ਪ੍ਰੋਸਟੇਟ ਕਹਿੰਦੇ ਹਨ ਅਤੇ ਇਹ 50 ਤੋਂ ਜ਼ਿਆਦਾ ਉਮਰ ਦੇ ਆਦਮੀਆਂ ਵਿੱਚ ਬਹੁਤ ਆਮ ਹੁੰਦਾ ਹੈ। ਤੁਸੀਂ ਸੁਣਿਆ ਹੋ ਸਕਦਾ ਹੈ ਕਿ ਤੁਹਾਡਾ ਡਾਕਟਰ ਇਸ ਨੂੰ ਮਾਮੂਲੀ ਪ੍ਰੋਸਟੇਟਿਕ ਵਾਧਾ (ਬੀਪੀਈ) (benign prostatic enlargement (BPE)) ਜਾਂ ਮਾਮੂਲੀ ਪ੍ਰੋਸਟੇਟਿਕ ਹਾਈਪਰਪਲੇਸ਼ੀਆ (ਬੀਪੀਐਚ) (benign prostatic hyperplasia (BPH)) ਕਹਿੰਦਾ ਹੈ। ਇਹ ਕੈਂਸਰ ਨਹੀਂ ਹੈ ਅਤੇ ਇਹ ਪ੍ਰੋਸਟੇਟ ਕੈਂਸਰ ਹੋਣ ਦੇ ਤੁਹਾਡੇ ਜੋਖਮ ਨੂੰ ਵਧਾਉਂਦਾ ਨਹੀਂ ਹੈ।

### ਇੱਕ ਸਧਾਰਨ ਪ੍ਰੋਸਟੇਟ




### ਵਧਿਆ ਹੋਇਆ ਪ੍ਰੋਸਟੇਟ




ਜਿਵੇਂ ਪ੍ਰੋਸਟੇਟ ਵਧਦਾ ਹੈ, ਇਹ ਉਸ ਨਲੀ ਨੂੰ ਦਬਾ ਪਾ ਸਕਦਾ ਹੈ ਜਿਸ ਰਾਹੀਂ ਤੁਸੀਂ ਪਿਸ਼ਾਬ ਕਰਦੇ ਹੋ ਅਤੇ ਪਿਸ਼ਾਬ ਦੇ ਵਹਾਅ ਨੂੰ ਘਟਾ ਜਾਂ ਬੰਦ ਕਰ ਸਕਦਾ ਹੈ। ਇਸ ਕਾਰਨ ਇਹ ਹੋ ਸਕਦਾ ਹੈ:


- ☐ ਪਿਸ਼ਾਬ ਕਰਨ ਦੌਰਾਨ ਘੱਟ ਵਹਾਅ
- ☐ ਇਹ ਅਹਿਸਾਸ ਹੋਣਾ ਕਿ ਤੁਹਾਡਾ ਬਲੈਡਰ ਸਹੀ ਤਰ੍ਹਾਂ ਨਾਲ ਖਾਲੀ ਨਹੀਂ ਹੋਇਆ ਹੈ
- ☐ ਪਿਸ਼ਾਬ ਆਉਣ ਵਿੱਚ ਮੁਸ਼ਕਿਲ ਹੋਣਾ
- ☐ ਤੁਹਾਡੇ ਪਿਸ਼ਾਬ ਖਤਮ ਕਰਨ ਤੋਂ ਬਾਅਦ ਪਿਸ਼ਾਬ ਰਿਸਣਾ
- ☐ ਆਮ ਨਾਲੋਂ ਜ਼ਿਆਦਾ ਵਾਰ ਪਿਸ਼ਾਬ ਕਰਨ ਦੀ ਜ਼ਰੂਰਤ ਹੋਣਾ, ਖਾਸ ਕਰਕੇ ਰਾਤ ਨੂੰ
- ☐ ਅਚਾਨਕ ਪਿਸ਼ਾਬ ਦਾ ਜ਼ੋਰ ਪੈਣਾ – ਕਈ ਵਾਰ ਪਖਾਨੇ ਜਾਣ ਤੋਂ ਪਹਿਲਾਂ ਹੀ ਪਿਸ਼ਾਬ ਨਿਕਲ ਜਾਣਾ।

ਤੁਹਾਨੂੰ ਇਹ ਸਾਰੇ ਲੱਛਣ ਨਹੀਂ ਵੀ ਹੋ ਸਕਦੇ ਹਨ, ਅਤੇ ਵਧੇ ਹੋਏ ਪ੍ਰੋਸਟੇਟ ਵਾਲੇ ਕੁਝ ਆਦਮੀਆਂ ਕੋਈ ਵੀ ਲੱਛਣ ਨਹੀਂ ਹੁੰਦੇ। ਇਹ ਲੱਛਣ ਹੋਰ ਚੀਜ਼ਾਂ ਕਾਰਨ ਵੀ ਹੋ ਸਕਦੇ ਹਨ, ਜਿਵੇਂ ਕਿ ਠੰਡਾ ਮੌਸਮ, ਚਿੰਤਾ, ਹੋਰ ਸਿਹਤ ਸਮੱਸਿਆਵਾਂ, ਤੁਹਾਡੀ ਜੀਵਨਸ਼ੈਲੀ, ਅਤੇ ਕੁਝ ਦਵਾਈਆਂ।

ਵਧੇ ਹੋਏ ਪ੍ਰੋਸਟੇਟ ਦੇ ਲੱਛਣਾਂ ਦਾ ਇਲਾਜ ਕਰਨ ਦੇ ਕਈ ਤਰੀਕੇ ਹਨ, ਜਿਵੇਂ ਕਿ ਜੋ ਤੁਸੀਂ ਪੀਂਦੇ ਹੋ ਉਸ ਨੂੰ ਬਦਲਣਾ, ਦਵਾਈਆਂ ਜਾਂ ਸਰਜ਼ਰੀ।

# ਪ੍ਰੋਸਟੇਟਿਟਿਸ ਕੀ ਹੈ?

ਪ੍ਰੋਸਟੇਟਿਟਿਸ ਪ੍ਰੋਸਟੇਟ ਵਿੱਚ ਸੰਕਰਮਨ ਜਾਂ ਜਲਨ (ਸੋਜਿਸ਼) ਹੈ। ਇਹ ਕੈਂਸਰ ਨਹੀਂ ਹੈ ਅਤੇ ਇਹ ਪ੍ਰੋਸਟੇਟ ਕੈਂਸਰ ਹੋਣ ਦੇ ਤੁਹਾਡੇ ਜੋਖਮ ਨੂੰ ਵਧਾਉਂਦਾ ਨਹੀਂ ਹੈ। ਇਹ ਕਿਸੇ ਵੀ ਉਮਰ ਦੇ ਆਦਮੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਆਮ ਤੌਰ ਤੇ ਇਹ 36 ਤੋਂ 50 ਸਾਲ ਵਿਚਕਾਰ ਦੀ ਉਮਰ ਦੇ ਆਦਮੀਆਂ ਵਿੱਚ ਹੁੰਦਾ ਹੈ।



ਲੱਛਣ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਵੱਖ-ਵੱਖ ਹੋ ਸਕਦੇ ਹਨ ਅਤੇ ਇਸ ਵਿਚ ਸ਼ਾਮਲ ਇਹ ਹੋ ਸਕਦੇ ਹਨ:

- ☐ ਤੁਹਾਡੇ ਅੰਡਕੋਸ਼ਾਂ, ਤੁਹਾਡੇ ਅੰਡਕੋਸ਼ਾਂ ਅਤੇ ਪਿਛਲੇ ਰਾਸਤੇ ਵਿਚਕਾਰਲੇ ਖੇਤਰ, ਜਾਂ ਤੁਹਾਡੇ ਲਿੰਗ ਦੀ ਨੋਕ ਵਿੱਚ ਪੀੜ
- ☐ ਤੁਹਾਡੇ ਪੇਟ ਦੇ ਹੇਠਲੇ ਭਾਗ, ਪੇਟ ਅਤੇ ਪੱਟ ਵਿਚਕਾਰਲੇ ਖੇਤਰ ਜਾਂ ਪਿੱਠ ਵਿੱਚ ਦਰਦ
- ☐ ਪਿਸ਼ਾਬ ਕਰਨ ਵਿੱਚ ਮੁਸ਼ਕਿਲ ਅਤੇ ਇਹ ਅਹਿਸਾਸ ਹੋਣਾ ਕਿ ਤੁਹਾਡਾ ਬਲੈਡਰ ਸਹੀ ਤਰ੍ਹਾਂ ਨਾਲ ਖਾਲੀ ਨਹੀਂ ਹੋਇਆ ਹੈ
- ☐ ਆਮ ਨਾਲੋਂ ਜ਼ਿਆਦਾ ਵਾਰ ਪਿਸ਼ਾਬ ਕਰਨ ਦੀ ਜ਼ਰੂਰਤ ਹੋਣਾ, ਖਾਸ ਕਰਕੇ ਰਾਤ ਨੂੰ
- ☐ ਪਿਸ਼ਾਨ ਕਰਨ ਦੌਰਾਨ ਜਾਂ ਬਾਅਦ ਵਿੱਚ ਦਰਦ ਜਾਂ ਚੁਭਣ
- ☐ ਇਸ ਤਰ੍ਹਾਂ ਮਹਿਸੂਸ ਹੋਣਾ ਜਿਵੇਂ ਕਿ ਤੁਸੀਂ ਕਿਸੇ ਗੋਲਫ ਦੀ ਗੇਂਦ ਵਰਗੀ ਚੀਜ਼ ਤੇ ਬੈਠੇ ਹੋ
- ☐ ਸੈਕਸ ਕਰਨ ਦੀ ਇੱਛਾ ਨਾ ਹੋਣਾ (ਘੱਟ ਕਾਮੁਕਤਾ)
- ☐ ਖੜ੍ਹਾ ਹੋਣ ਜਾਂ ਕਰਨ ਵਿੱਚ ਮੁਸ਼ਕਿਲ, ਸਖਲਨ ਦੇ ਦੌਰਾਨ ਜਾਂ ਬਾਅਦ ਵਿੱਚ ਦਰਦ ਜਾਂ ਜਲਨ, ਅਤੇ ਸਮੇਂ ਤੋਂ ਪਹਿਲਾਂ ਸਖਲਨ – ਹਾਲਾਂਕਿ ਇਹ ਬਹੁਤ ਘੱਟ ਹਨ।

ਗੰਭੀਰ ਪ੍ਰੋਸਟੇਟਿਟਿਸ ਕਾਰਨ ਤੇਜ਼ ਬੁਖਾਰ ਅਤੇ ਪਸੀਨਾ ਆ ਸਕਦਾ ਹੈ ਅਤੇ ਤੁਹਾਨੂੰ ਹਸਪਤਾਲ ਜਾਣ ਦੀ ਲੋੜ ਪੈ ਸਕਦੀ ਹੈ।


ਇਹ ਚੀਜ਼ਾਂ ਹਨ ਜੋ ਪ੍ਰੋਸਟੇਟਿਟਿਸ ਦਾ ਪ੍ਰਬੰਧ ਕਰਨ ਜਾਂ ਇਲਾਜ ਕਰਨ ਵਿੱਚ ਮਦਦ ਕਰ ਸਕਦੀਆਂ ਹਨ ਜਿਸ ਵਿੱਚ ਆਰਾਮ ਕਰਨਾ, ਬਹੁਤ ਸਾਰਾ ਪਾਣੀ ਪੀਣਾ ਅਤੇ ਦਵਾਈਆਂ ਲੈਣਾ ਸ਼ਾਮਲ ਹਨ।

# ਪ੍ਰੋਸਟੇਟ ਕੈਂਸਰ ਕੀ ਹੈ?

ਇਹ ਉਦੋਂ ਹੁੰਦਾ ਹੈ ਜਦੋਂ ਪ੍ਰੋਸਟੇਟ ਵਿੱਚ ਗਿਲ੍ਹਟੀ ਬਣਨੀ ਸ਼ੁਰੂ ਹੁੰਦੀ ਹੈ।

ਪ੍ਰੋਸਟੇਟ ਕੈਂਸਰ ਅਕਸਰ ਹੌਲੀ-ਹੌਲੀ ਵਿਕਸਿਤ ਹੁੰਦਾ ਹੈ ਅਤੇ ਇਸ ਕਾਰਨ ਕੋਈ ਵੀ ਸਮੱਸਿਆਵਾਂ ਨਹੀਂ ਵੀ ਹੋ ਸਕਦੀਆਂ ਹਨ। ਪਰ ਕੁਝ ਪ੍ਰੋਸਟੇਟ ਕੈਂਸਰ ਜ਼ਿਆਦਾ ਤੇਜ਼ੀ ਨਾਲ ਵਧਦੇ ਹਨ। ਇਸ ਨਾਲ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ ਅਤੇ ਇਸ ਨੂੰ ਫੈਲਣ ਤੋਂ ਰੋਕਣ ਲਈ ਇਲਾਜ ਦੀ ਜ਼ਰੂਰਤ ਹੁੰਦੀ ਹੈ।

ਪ੍ਰੋਸਟੇਟ ਕੈਂਸਰ ਦੇ ਇਲਾਜ ਲਈ ਕਈ ਇਲਾਜ ਹਨ। ਕੁਝ ਇਲਾਜਾਂ ਦਾ ਟੀਚਾ ਕੈਂਸਰ ਤੋਂ ਛੁਟਕਾਰਾ ਪਾਉਣ ਦਾ ਹੁੰਦਾ ਹੈ। ਜੇ ਕੈਂਸਰ ਤੋਂ ਛੁਟਕਾਰਾ ਪਾਉਣਾ ਸੰਭਵ ਨਾ ਹੋਵੇ, ਤਾਂ ਇਸ ਨੂੰ ਨਿਯੰਤਰਨ ਕਰਨ ਲਈ ਤੁਹਾਡੇ ਕੋਲ ਇਲਾਜ ਹੋ ਸਕਦੇ ਹਨ।



# ਕੀ ਪ੍ਰੋਸਟੇਟ ਕੈਂਸਰ ਦੇ ਕੋਈ ਲੱਛਣ ਹੁੰਦੇ ਹਨ?

**ਸ਼ੁਰੂਆਤੀ ਪ੍ਰੋਸਟੇਟ ਕੈਂਸਰ ਵਾਲੇ ਜ਼ਿਆਦਾਤਰ ਆਦਮੀਆਂ ਵਿੱਚ ਕੋਈ ਵੀ ਲੱਛਣ ਨਹੀਂ ਹੁੰਦੇ।**

ਪਰ ਕੁਝ ਆਦਮੀਆਂ ਨੂੰ ਪਿਸ਼ਾਬ ਕਰਨਾ ਮੁਸ਼ਕਲ ਲੱਗ ਸਕਦਾ ਹੈ। ਜੇ ਤੁਸੀਂ ਪਿਸ਼ਾਬ ਕਰਨ ਦੇ ਤਰੀਕੇ ਵਿੱਚ ਤਬਦੀਲੀ ਨੋਟਿਸ ਕਰਦੇ ਹੋ (ਦੇਖੋ ਪੰਨਾ 4) ਇਹ ਵੱਧੇ ਹੋਏ ਪ੍ਰੋਸਟੇਟ ਜਾਂ ਕਿਸੇ ਹੋਰ ਸਿਹਤ ਸਮੱਸਿਆ ਦਾ ਸੰਕੇਤ ਹੋਣ ਦੀ ਜ਼ਿਆਦਾ ਸੰਭਾਵਨਾ ਹੈ।ਪਰ ਆਪਣੇ ਡਾਕਟਰ ਨਾਲ ਗੱਲ ਕਰਨਾ ਅਜੇ ਵੀ ਇੱਕ ਚੰਗਾ ਵਿਚਾਰ ਹੈ।


ਪ੍ਰੋਸਟੇਟ ਕੈਂਸਰ ਜੋ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲਦਾ ਹੈ (ਐਡਵਾਂਸਡ ਪ੍ਰੋਸਟੇਟ ਕੈਂਸਰ) ਉਸ ਕਾਰਨ ਲੱਛਣ ਪੈਦਾ ਹੋ ਸਕਦੇ ਹਨ ਜਿਵੇਂ ਕਿ:

- ☐ ਪਿੱਠ, ਕਮਰ ਜਾਂ ਪੇਟ ਵਿੱਚ ਦਰਦ
- ☐ ਲਿੰਗ ਖੜ੍ਹਾ ਹੋਣ ਸਮੇਂ ਜਾਂ ਹੋਣ ਦੌਰਾਨ ਸਮੱਸਿਆਵਾਂ
- ☐ ਪਿਸ਼ਾਬ ਜਾਂ ਸ਼ੁਕਰਾਣੂ ਵਿੱਚ ਖ਼ੂਨ
- ☐ ਬਿਨਾਂ ਕਿਸੇ ਕਾਰਨ ਦੇ ਭਾਰ ਘਟਣਾ।

ਇਹ ਲੱਛਣ ਆਮ ਤੌਰ ਤੇ ਦੂਜੀਆਂ ਚੀਜ਼ਾਂ ਕਾਰਨ ਹੁੰਦੇ ਹਨ ਜੋ ਪ੍ਰੋਸਟੇਟ ਕੈਂਸਰ ਨਹੀਂ ਹੁੰਦੇ। ਪਰ ਇਹ ਹਾਲੇ ਵੀ ਇੱਕ ਚੰਗੀ ਗੱਲ ਹੈ ਕਿ ਤੁਸੀਂ ਆਪਣੇ ਡਾਕਟਰ ਨਾਲ ਗੱਲ ਕਰੋ ਤਾਂ ਜੋ ਉਹ ਇਹ ਪਤਾ ਲਗਾ ਸਕਣ ਕਿ ਉਨ੍ਹਾਂ ਦੇ ਕੀ ਕਾਰਨ ਹਨ ਅਤੇ ਇਹ ਯਕੀਨੀ ਬਣਾਉ ਕਿ ਤੁਹਾਨੂੰ ਸਹੀ ਇਲਾਜ ਮਿਲ ਜਾਏ।

# ਕੀ ਮੈਂ ਪ੍ਰੋਸਟੇਟ ਕੈਂਸਰ ਦੇ ਜੋਖਿਮ ਤੇ ਹਾਂ?


ਯੂਕੇ ਵਿੱਚ, 8 ਵਿਚੋਂ 1 ਆਦਮੀ ਨੂੰ ਪ੍ਰੋਸਟੇਟ ਕੈਂਸਰ ਹੋਵੇਗਾ।




ਤੁਹਾਨੂੰ ਪ੍ਰੋਸਟੇਟ ਕੈਂਸਰ ਹੋਣ ਦੀ ਜ਼ਿਆਦਾ ਸੰਭਾਵਨਾ ਹੈ ਜੇ:

50+

**ਤੁਹਾਡੀ ਉਮਰ 50 ਜਾਂ ਜ਼ਿਆਦਾ ਹੈ** – ਅਤੇ ਤੁਹਾਡੀ ਉਮਰ ਵਧਣ ਦੇ ਨਾਲ ਤੁਹਾਡਾ ਜੋਖਿਮ ਵਧਦਾ ਜਾਂਦਾ ਹੈ।



**ਤੁਹਾਡੇ ਪਿਤਾ ਜਾਂ ਭਰਾ ਨੂੰ ਇਹ ਹੈ** – ਤੁਹਾਨੂੰ ਇਸ ਦੇ ਹੋਣ ਦੀ ਸੰਭਾਵਨਾ ਢਾਈ ਗੁਣਾ ਵਧ ਜਾਂਦੀ ਹੈ ਜੇ ਤੁਹਾਡੇ ਪਿਤਾ ਜਾਂ ਭਰਾ ਨੂੰ ਇਹ ਹੈ।



**ਤੁਹਾਡੀ ਮਾਂ ਜਾਂ ਭੈਣ ਨੂੰ ਛਾਤੀ ਦਾ ਕੈਂਸਰ ਹੋਇਆ ਹੈ।**

### ਕੀ ਮੈਂ ਪ੍ਰੋਸਟੇਟ ਕੈਂਸਰ ਤੋਂ ਬੱਚ ਸਕਦਾ ਹਾਂ?

ਕੋਈ ਨਹੀਂ ਜਾਣਦਾ ਕਿ ਪ੍ਰੋਸਟੇਟ ਕੈਂਸਰ ਤੋਂ ਕਿਵੇਂ ਬਚਿਆ ਜਾਵੇ, ਪਰ ਇੱਕ ਸਿਹਤਮੰਦ ਭਾਰ ਕਾਇਮ ਰੱਖਣਾ ਮਹੱਤਵਪੂਰਨ ਹੈ। ਜ਼ਿਆਦਾ ਭਾਰਾ ਹੋਣਾ ਜਾਂ ਮੋਟਾ ਹੋਣਾ ਤੁਹਾਡੇ ਕੈਂਸਰ ਹੋਣ ਦਾ ਜੋਖਿਮ ਨੂੰ ਵਧਾਉਂਦਾ ਹੈ ਜਿਸ ਦੀ ਪ੍ਰੋਸਟੇਟ ਤੋਂ ਬਾਹਰ ਫੈਲਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

# ਮੈਨੂੰ ਅੱਗੇ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਉਨ੍ਹਾਂ ਕਿਸੇ ਵੀ ਤਬਦੀਲੀਆਂ ਬਾਰੇ ਨੋਟਿਸ ਕਰਦੇ ਹੋ ਜਿਨ੍ਹਾਂ ਬਾਰੇ ਅਸੀਂ ਇਸ ਕਿਤਾਬਚੇ ਵਿੱਚ ਚਰਚਾ ਕੀਤੀ ਹੈ ਜਾਂ ਜੇ ਤੁਸੀਂ ਆਪਣੇ ਪ੍ਰੋਸਟੇਟ ਕੈਂਸਰ ਦੇ ਜੋਖਿਮ ਬਾਰੇ ਚਿੰਤਤ ਹੋ ਤਾਂ ਆਪਣੇ ਡਾਕਟਰ ਕੋਲ ਜਾਓ। ਤੁਸੀਂ 0800 074 8383 ਤੇ ਸਾਡੀਆਂ ਵਿਸ਼ੇਸ਼ੱਗ ਨਰਸਾਂ ਨੂੰ ਵੀ ਕਾਲ ਕਰ ਸਕਦੇ ਹੋ, ਅਤੇ ਕਿਸੇ ਅਨੁਵਾਦਕ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ।

ਪਿਸ਼ਾਬ ਸੰਬੰਧੀ ਸਮੱਸਿਆਵਾਂ ਅਕਸਰ ਉਨ੍ਹਾਂ ਹੋਰ ਕਈ ਚੀਜ਼ਾਂ ਕਾਰਨ ਹੁੰਦੀਆਂ ਹਨ ਜੋ ਕੈਂਸਰ ਨਹੀਂ ਹੁੰਦੀਆਂ ਅਤੇ ਕਈ ਇਲਾਜ ਹਨ ਜੋ ਮਦਦ ਕਰ ਸਕਦੇ ਹਨ। ਪਰ ਕਿਸੇ ਵੀ ਲੱਛਣਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨਾ ਮਹੱਤਵਪੂਰਨ ਹੈ।

> ਪ੍ਰੋਸਟੇਟ ਕੈਂਸਰ ਬਾਰੇ ਇੱਕ ਟੀਵੀ ਪ੍ਰੋਗਰਾਮ ਦੇਖਣ ਤੋਂ ਬਾਅਦ ਮੈਂ ਆਪਣੇ ਡਾਕਟਰ ਕੋਲ ਗਿਆ ਅਤੇ ਸੋਚਿਆ ਕਿ ਮੈਂ ਖਤਰੇ ਵਿੱਚ ਹਾਂ।
>
> ਇੱਕ ਨਿੱਜੀ ਅਨੁਭਵ

# ਤਾਂ ਕੀ ਜੇ ਮੇਰੇ ਕੋਲ ਡਾਕਟਰ ਨਹੀਂ ਹੈ?

ਜੇ ਤੁਸੀਂ ਡਾਕਟਰ ਕੋਲ ਰਜਿਸਟਰਡ ਨਹੀਂ ਹੋ ਤਾਂ ਆਪਣੇ ਨਜ਼ਦੀਕ ਰਹਿੰਦੇ ਪਰਿਵਾਰ ਜਾਂ ਦੋਸਤਾਂ ਨੂੰ ਉਸ ਡਾਕਟਰ ਬਾਰੇ ਪੁੱਛੋ ਜਿਸ ਕੋਲ ਉਹ ਜਾਂਦੇ ਹਨ। ਜਾਂ ਤੁਸੀਂ ਹੇਠਲੀਆਂ ਵੈੱਬਸਾਈਟਾਂ ਤੇ ਆਪਣੇ ਨਜ਼ਦੀਕ ਇੱਕ ਡਾਕਟਰ ਨੂੰ ਲੱਭ ਸਕਦੇ ਹੋ:

- **www.nhs.uk** ਇੰਗਲੈਂਡ ਵਿੱਚ
- **www.nhsinform.scot** ਸਕਾਟਲੈਂਡ ਵਿੱਚ
- **www.nhsdirect.wales.nhs.uk/language** ਵੇਲਜ਼ ਵਿੱਚ
- **www.hscni.net** ਉੱਤਰੀ ਆਇਰਲੈਂਡ ਵਿੱਚ।

# ਆਪਣੇ ਡਾਕਟਰ ਕੋਲ ਜਾਣ ਤੋਂ ਚਿੰਤਤ ਹੋ?

ਕੁਝ ਪੁਰਸ਼ ਟੈਸਟ ਕਰਵਾਉਣ ਬਾਰੇ ਚਿੰਤਤ ਹੁੰਦੇ ਹਨ ਜਾਂ ਸ਼ਰਮਿੰਦਗੀ ਮਹਿਸੂਸ ਕਰਦੇ ਹਨ। ਪਰ ਇਸ ਲਈ ਡਾਕਟਰ ਕੋਲ ਜਾਣ ਤੋਂ ਨਾ ਰੁੱਕੋ।

ਯਾਦ ਰੱਖੋ, ਜਾਂਚਾਂ ਤੁਹਾਡੇ ਡਾਕਟਰ ਨੂੰ ਸਭ ਤੋਂ ਵਧੀਆ ਤਜਵੀਜ਼ ਕਰਦੀਆਂ ਹਨ ਕਿ ਕੀ ਤੁਹਾਨੂੰ ਉਹ ਸਮੱਸਿਆ ਹੈ ਜਿਸ ਲਈ ਇਲਾਜ ਦੀ ਲੋੜ ਹੈ। ਤੁਸੀਂ ਇੱਕ ਮਰਦ ਡਾਕਟਰ ਕੋਲ ਵਿਖਾਉਣ ਲਈ ਕਹਿ ਸਕਦੇ ਹੋ ਜਦੋਂ ਤੁਸੀਂ ਅਪਾਇੰਟਮੈਂਟ ਲੈਂਦੇ ਹੋ।

# ਮੇਰਾ ਡਾਕਟਰ ਕਿਹੜੀਆਂ ਜਾਂਚਾਂ ਕਰੇਗਾ?

ਤੁਹਾਡਾ ਡਾਕਟਰ ਪੁੱਛੇਗਾ ਕਿ ਕੀ ਤੁਹਾਨੂੰ ਕੋਈ ਲੱਛਣ ਹਨ ਅਤੇ ਇਹ ਪਤਾ ਲਗਾਉਣ ਲਈ ਕੁਝ ਜਾਂਚਾਂ ਕਰੇਗਾ ਕਿ ਕੀ ਤੁਹਾਨੂੰ ਪ੍ਰੋਸਟੇਟ ਦੀ ਸਮੱਸਿਆ ਹੈ।

## ਪਿਸ਼ਾਬ ਦੀ ਜਾਂਚ

ਤੁਹਾਡਾ ਡਾਕਟਰ ਕਿਸੇ ਸੰਕਰਮਨ ਦਾ ਪਤਾ ਲਗਾਉਣ ਲਈ ਪਿਸ਼ਾਬ ਦੇ ਨਮੂਨੇ ਦੇਣ ਲਈ ਕਹਿ ਸਕਦਾ ਹੈ ਜਿਸ ਕਾਰਨ ਤੁਹਾਨੂੰ ਸਮੱਸਿਆਵਾਂ ਹੋ ਰਹੀਆਂ ਹੋ ਸਕਦੀਆਂ ਹਨ।

## ਖ਼ੂਨ ਦੀ ਜਾਂਚ

ਤੁਹਾਡਾ ਡਾਕਟਰ ਤੁਹਾਡੇ ਖ਼ੂਨ ਵਿੱਚ ਪੀਐਸਏ (ਪ੍ਰੋਸਟੇਟ ਵਿਸ਼ੇਸ਼ ਐਂਟੀਜ਼ੇਨ) ਦੀ ਮਾਤਰਾ ਦਾ ਪਤਾ ਲਗਾਉਣ ਲਈ ਖ਼ੂਨ ਦੀ ਜਾਂਚ ਕਰ ਸਕਦਾ ਹੈ। ਪੀਐਸਏ ਪ੍ਰੋਸਟੇਟ ਵਿੱਚ ਬਣਦਾ ਹੈ। ਜੇ ਤੁਹਾਡਾ ਪੀਐਸਏ ਪੱਧਰ ਜ਼ਿਆਦਾ ਹੈ, ਤਾਂ ਤੁਹਾਡੇ ਪ੍ਰੋਸਟੇਟ ਵਿੱਚ ਸਮੱਸਿਆ ਹੋ ਸਕਦੀ ਹੈ।

ਜੇ ਤੁਸੀਂ 50 ਸਾਲ ਤੋਂ ਵੱਧ ਉਮਰ ਦੇ ਹੋ ਅਤੇ ਤੁਸੀਂ ਆਪਣੇ ਡਾਕਟਰ ਜਾਂ ਨਰਸ ਨਾਲ ਫਾਇਦੇ ਅਤੇ ਨੁਕਸਾਨਾਂ ਬਾਰੇ ਗੱਲ ਕੀਤੀ ਹੈ ਤਾਂ ਪੀਐਸਏ ਲਈ ਖ਼ੂਨ ਦੀ ਜਾਂਚ ਕਰਵਾਉਣ ਦਾ ਤੁਹਾਡਾ ਹੱਕ ਹੈ।

## ਸਰੀਰਕ ਮੁਆਇਨਾ

ਤੁਹਾਡਾ ਡਾਕਟਰ ਤੁਹਾਨੂੰ ਤੁਹਾਡੇ ਪਿਛਲੇ ਰਾਸਤੇ ਰਾਹੀਂ ਤੁਹਾਡੇ ਪ੍ਰੋਸਟੇਟ ਨੂੰ ਮਹਿਸੂਸ ਕਰਨ ਲਈ ਕਹਿ ਸਕਦਾ ਹੈ। ਇਸ ਨੂੰ ਡਿਜ਼ਿਟਲ ਗੁਦੇ ਸੰਬੰਧੀ ਮੁਆਇਨਾ (ਡੀਆਰਈ) (digital rectal examination (DRE)) ਕਹਿੰਦੇ ਹਨ। ਕੁਝ ਆਦਮੀਆਂ ਨੂੰ ਇਹ ਸ਼ਰਮਿੰਦਗੀ-ਭਰਿਆ ਲਗਦਾ ਹੈ ਪਰ ਇਹ ਕਸ਼ਟਦਾਇਕ ਨਹੀਂ ਹੋਵੇਗਾ। ਤੁਹਾਡਾ ਡਾਕਟਰ ਤੁਹਾਡੇ ਪੇਟ ਦੇ ਖੇਤਰ ਅਤੇ ਲਿੰਗ ਦੀ ਜਾਂਚ ਵੀ ਕਰ ਸਕਦਾ ਹੈ।

### ਇੱਕ ਨਿੱਜੀ ਕਹਾਣੀ

**ਐਲੀ, ਉਦੋਂ 59 ਦਾ ਸੀ ਜਦੋਂ ਉਸ ਦੇ ਪ੍ਰੋਸਟੇਟ ਕੈਂਸਰ ਦਾ ਪਤਾ ਲੱਗਾ:**

"ਜਦੋਂ ਮੈਨੂੰ ਡੀਆਰਈ ਸੀ ਮੈਂ ਸੋਚਿਆ – ਕੁਝ ਸਕਿੰਟਾਂ ਦੀ ਬੇਅਰਾਮੀ ਲਈ ਮੈਂ ਇਸ ਨਾਲ ਰਹਿ ਸਕਦਾ ਹਾਂ। ਇਹ ਕੁਝ ਇਸ ਤਰ੍ਹਾਂ ਹੈ ਕਿ ਮੈਂ ਹਮੇਸ਼ਾਂ ਮੁੰਡਿਆਂ ਨੂੰ ਕਹਿੰਦਾ ਹਾਂ – ਹੂੰ, ਇਹ ਕਸ਼ਟਦਾਇਕ ਹੈ ਅਤੇ ਬਹੁਤ ਵਧੀਆ ਨਹੀਂ ਹੈ ਪਰ ਜੇ ਇਹ ਤੁਹਾਡੀ ਜ਼ਿੰਦਗੀ ਬਚਾਉਂਦਾ ਹੈ, ਤਾਂ ਕੁਝ ਸਕਿੰਟਾਂ ਲਈ ਇਸ ਨਾਲ ਸਿੱਝੋ। ਸ਼ਰਮਿੰਦਗੀ ਨਾਲ ਨਾ ਮਰੋ"।

# ਮੈਨੂੰ ਹੋਰ ਜ਼ਿਆਦਾ ਕਿਥੋਂ ਪਤਾ ਲੱਗ ਸਕਦਾ ਹੈ?

ਸਾਡੀਆਂ ਵਿਸ਼ੇਸ਼ੱਗ ਨਰਸਾਂ, ਫੋਨ ਤੇ, ਤੁਹਾਡੀ ਖੁਦ ਦੀ ਭਾਸ਼ਾ ਵਿੱਚ ਕਿਸੇ ਅਨੁਵਾਦਕ ਰਾਹੀਂ ਸਹਾਇਤਾ ਕਰ ਸਕਦੀਆਂ ਹਨ। ਬੱਸ 0800 074 8383 ਤੇ ਕਾਲ ਕਰੋ, ਅਤੇ ਅੰਗ੍ਰੇਜ਼ੀ ਵਿੱਚ ਉਹ ਭਾਸ਼ਾ ਬੋਲੋ ਜੋ ਤੁਸੀਂ ਵਰਤਣਾ ਚਾਹੁੰਦੇ ਹੋ।

ਤੁਸੀਂ ਸਾਨੂੰ ਫੋਨ ਕਰਨ ਲਈ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਵੀ ਕਹਿ ਸਕਦੇ ਹੋ ਅਤੇ ਉਹ ਤੁਹਾਡੇ ਲਈ ਗੱਲਬਾਤ ਸ਼ੁਰੂ ਕਰ ਸਕਦੇ ਹਨ। ਅਨੁਵਾਦਕ ਨਾਲ ਕਨੈਕਟ ਕਰਨ ਵਿੱਚ ਬੱਸ ਕੁਝ ਮਿੰਟ ਲਗਦੇ ਹਨ।

ਤੁਹਾਨੂੰ ਲੋੜੀਂਦੇ ਸਾਰੇ ਪ੍ਰਸ਼ਨ ਪੁੱਛੋ, ਜਾਂ ਸਿਰਫ ਗੱਲ ਕਰੋ- ਸਾਡੀਆਂ ਵਿਸ਼ੇਸ਼ੱਗ ਨਰਸਾਂ ਇੱਥੇ ਤੁਹਾਡੇ ਲਈ ਹਨ। ਅਸੀਂ ਪਾਰਟਨਰਾਂ, ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨਾਲ ਵੀ ਗੱਲ ਕਰ ਸਕਦੇ ਹਾਂ।


ਤੁਹਾਨੂੰ ਸਾਡੀ ਵੈੱਬਸਾਈਟ **prostatecanceruk.org/other-languages** ਤੇ ਪੰਜਾਬੀ ਵਿੱਚ ਪ੍ਰੋਸਟੇਟ ਸਮੱਸਿਆਵਾਂ, ਇਲਾਜਾਂ ਅਤੇ ਪ੍ਰੋਸਟੇਟ ਕੈਂਸਰ ਨਾਲ ਜਿਊਣ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਲਿੰਕ ਵੀ ਮਿਲ ਸਕਦੇ ਹਨ।

# ਸਾਡੇ ਬਾਰੇ

Prostate Cancer UK ਦੀ ਇੱਕ ਸਧਾਰਨ ਇੱਛਾ ਹੈ: ਰੋਕਥਾਮ, ਨਿਦਾਨ, ਇਲਾਜ ਅਤੇ ਸਹਾਇਤਾ ਵਿਚ ਸੁਧਾਰ ਲਿਆ ਕੇ - ਆਦਮੀਆਂ ਨੂੰ ਪ੍ਰੋਸਟੇਟ ਕੈਂਸਰ ਰਾਹੀਂ ਮਰਨ ਤੋਂ ਰੋਕਣਾ।

Prostate Cancer UK ਵਿਖੇ, ਅਸੀਂ ਪ੍ਰੋਸਟੇਟ ਬਿਮਾਰੀਆਂ ਬਾਰੇ ਨਵੀਨਤਮ, ਨਿਰਪੱਖ ਅਤੇ ਬਿਲਕੁਲ ਸਹੀ ਤੱਥਾਂ ਨੂੰ ਪ੍ਰਦਾਨ ਕਰਨ ਲਈ ਬਹੁਤ ਜ਼ਿਆਦਾ ਧਿਆਨ ਰੱਖਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਇਹ ਉਸ ਮੈਡੀਕਲ ਸਲਾਹ ਵਿੱਚ ਯੋਗਦਾਨ ਪਾਉਣਗੇ ਜੋ ਤੁਸੀਂ ਲਈ ਹੈ ਅਤੇ ਤੁਹਾਨੂੰ ਫੈਸਲੇ ਲੈਣ ਵਿੱਚ ਮਦਦ ਕਰਨਗੇ। ਸਾਡੀਆਂ ਸੇਵਾਵਾਂ ਦਾ ਮਕਸਦ ਤੁਹਾਡੇ ਡਾਕਟਰ ਦੁਆਰਾ ਦਿੱਤੀ ਸਲਾਹ ਨੂੰ ਬਦਲਣ ਦਾ ਨਹੀਂ ਹੈ।

# ਨੋਟਸ



## ਸਾਡੇ ਨਾਲ ਗੱਲ ਕਰੋ
## ਵਿਸ਼ੇਸ਼ੱਗ ਨਰਸਾਂ

**0800 074 8383***

**prostatecanceruk.org**

Health & care information you can trust

The Information Standard Certified Member

Facebook ਤੇ ਸਾਨੂੰ ਪਸੰਦ ਕਰੋ: **Prostate Cancer UK**

Twitter ਤੇ ਸਾਨੂੰ ਫਾਲੋ ਕਰੋ: **@ProstateUK**

© Prostate Cancer UK ਮਈ 2018

ਮਈ 2021 ਵਿੱਚ ਸਮੀਖਿਆ ਕੀਤੀ ਜਾਵੇਗੀ

ਸਾਡੀਆਂ ਵਿਸ਼ੇਸ਼ੱਗ ਨਰਸਾਂ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ **9** – ਸ਼ਾਮ **6** ਵਜੇ, ਬੁੱਧਵਾਰ ਨੂੰ ਸਵੇਰੇ **10** – ਸ਼ਾਮ **8** ਵਜੇ ਕਾਲ ਕਰੋ

* ਕਾਲਾਂ ਨੂੰ ਕੇਵਲ ਸਿਖਲਾਈ ਦੇ ਉਦੇਸ਼ਾਂ ਲਈ ਰਿਕਾਰਡ ਕੀਤਾ ਜਾਂਦਾ ਹੈ।
ਕਾਲ ਕਰਨ ਵਾਲੇ ਅਤੇ Prostate Cancer UK ਵਿਚਕਾਰ ਗੁਪਤਤਾ ਕਾਇਮ ਰੱਖੀ ਜਾਂਦੀ ਹੈ।

Prostate Cancer UK ਇੰਗਲੈਂਡ ਅਤੇ ਵੇਲਸ (1005541) ਅਤੇ ਸਕਾਟਲੈਂਡ (SC039332) ਵਿੱਚ ਇੱਕ ਰਜਿਸਟਰਡ ਚੈਰਿਟੀ ਹੈ। ਰਜਿਸਟਰਡ ਕੰਪਨੀ ਨੰਬਰ 02653887।

5146 FYP-PUN/MAR19

FSC www.fsc.org MIX Paper from responsible sources FSC® C023802